# ਘੋਟਾਲੇ ਕੀ ਹੁੰਦੇ ਹਨ?

**ਘੋਟਾਲੇ ਧੋਖਾਧੜੀ ਹਨ ਅਤੇ ਧੋਖਾਧੜੀ ਅਪਰਾਧ ਹੈ!**

ਘੁਟਾਲੇ ਲੋਕਾਂ ਨੂੰ ਡਰਾ-ਧਮਕਾ ਕੇ ਜਾਂ ਉਹਨਾਂ ਨਾਲ ਨਕਦੀ, ਇਨਾਮਾਂ ਸੇਵਾਵਾਂ ਅਤੇ ਨਿਵੇਸ਼ ’ਤੇ ਜ਼ਿਆਦਾ ਰਿਟਰਨ ਦਾ ਸਬਜ਼-ਬਾਗ ਦਿਖਾਂ ਕੇ ਉਹਨਾਂ ਤੋਂ ਪੈਸੇ ਅਤੇ ਨਿੱਜੀ ਵੇਰੇਵੇ ਠੱਗ ਲੈਂਦੇ ਹਨ।

ਇਹਨਾਂ ਦਾ ਮਕਸਦ ਲੋਕਾਂ ਤੋਂ ਉਹਨਾਂ ਦੇ ਨਿੱਜੀ ਵੇਰਵੇ ਜਾਣਨਾ, ਉਹਨਾਂ ਦੀ ਜਾਣਕਾਰੀ ਚੋਰੀ ਕਰਨਾ ਜਾਂ ਇੱਥੋਂ ਤੱਕ ਕਿ ਲੋਕਾਂ ਦੀ ਇੱਛਾਂ ਨਾਲ ਹੀ ਭੁਗਤਾਨ ਕਰਵਾ ਲੈਣਾ ਜਾਂ ਨਕਦੀ ਹਥਿਆਉਣਾ ਹੁੰਦਾ ਹੌਂ।

## ਘੁਟਾਲਿਆਂ ਸੰਬੰਧੀ ਤੱਥ

**£5-10**
**ਬਿਲੀਅਨ ਸਲਾਨਾ**

ਘੁਟਲਿਆਂ ਨਾਲ ਯੂਕੇ ਦੀ ਆਰਥਿਕਤਾ ਨੂੰ ਸਲਾਨਾ £5-10 ਬਿਲੀਅਨ ਦਾ ਨੁਕਸਾਨ ਹੁੰਦਾ ਹੈ

**53%**

ਅਜਿਹੇ ਲੋਕ ਘੁਟਾਲਿਆਂ ਦਾ ਸ਼ਿਕਾਰ ਹੋਏ ਹਨ ਜੋ 65 ਸਾਲ ਜਾਂ ਵੱਧ ਉਮਰ ਦੇ ਹਨ

**5%**

ਘੁਟਾਲਿਆਂ ਦੇ ਸ਼ਿਕਾਰ ਲੋਕਾਂ ਨੇ ਹੀ ਮਸਲੇ ਦੀ ਕਾਨੂੰਨੀ ਕਾਰਵਾਈ ਲਈ ਰਿਪੋਰਟ ਕੀਤੀ ਹੈ

**ਕੋਈ ਵੀ ਇੱਕ ਘੁਟਾਲੇ ਦਾ ਸ਼ਿਕਾਰ ਹੋ ਸਕਦਾ ਹੈ ਭਾਵੇਂ ਉਸਦਾ ਪਿਛੋਕੜ ਕੁੱਝ ਵੀ ਹੋਵੇ।**

**ਘੁਟਾਲਿਆਂ ਦੇ ਪਿੱਛੇ ਅਪਰਾਧੀ ਲੋਕ ਹੁੰਦੇ ਹਨ ਜੋ ਬੇਰਹਿਮ ਸ਼ਿਕਾਰੀ ਹੁੰਦੇ ਹਨ।**

# ਕੀ ਤੁਸੀ ਜਾਣਦੇ ਹੋ ਕਿ ਘੁਟਾਲੇ ਦੀ ਪਹਿਚਾਣ ਕਿਵੇਂ ਕਰਨੀ ਹੈ?

ਹੇਠਾਂ ਦਿੱਤੀਆਂ ਆਈਟਮਾਂ ਵਿੱਚੋਂ ਸਾਰੇ ਸੰਚਾਰ ਘੁਟਾਲੇ ਨਹੀ ਹੁੰਦੇ, ਪਰ ਜੇ ਤੁਹਾਨੂੰ ਇਹਨਾਂ ਵਿੱਚੋਂ ਕੋਈ ਇੱਕ ਵੀ ਕੰਮ ਕਰਨ ਲਈ ਕਿਹਾ ਜਾਂਦਾ ਹੈ, ਤਾਂ ਤੁਹਾਨੂੰ ਸਾਵਧਾਨ ਹੋ ਜਾਣਾ ਚਾਹੀਦਾ ਹੈ ਅਤੇ ਕਿਸੇ ਭਰੋਸੇਯੋਗ ਦੋਸਤ ਜਾਂ ਰਿਸ਼ਤੇਦਾਰ ਤੋਂ ਦੂਜੀ ਰਾਏ ਲੈਣੀ ਚਾਹੀਦੀ ਹੈ:

### ਧਿਆਨ ਰੱਖਣ ਯੋਗ ਗੱਲਾਂ

- ਕੋਈ ਵਿਅਕਤੀ ਤੁਹਾਡੇ ਜਿੱਤੇ ਇਨਾਮ ਪਰ੍ਦਾਨ ਕਰਨ ਲਈ ਤੁਹਾਡੇ ਤੋਂ ਪੈਸੇ ਮੰਗਣ ਵਾਸਤੇ ਸੰਪਕਰ ਕਰ ਰਿਹਾ ਹੋਵੇ।
- ਕੋਈ ਗਰੰਟੀਸ਼ੁਦਾ ਲਾਟਰੀ ਜਿੱਤਣ ਦੇ ਦਾਅਵੇ ਨਾਲ ਤੁਹਾਡੇ ਨਾਲ ਬਹੁਤ ਸੱਚਾ-ਸੁੱਚਾ ਬਣਕੇ ਪੇਸ਼ ਆਵੇ।
- ਕੋਈ ਬਹੁਤ ਜਲਦੀ ਜਵਾਬ ਦੇਣ ਲਈ ਦਬਾਓ ਪਾਵੇ, ਜਿਵੇਂ, “ਸੀਮਤ-ਸਮੇਂ ਦੀ ਪੇਸ਼ਕਸ਼ ਹੁਣੇ ਜਵਾਬ ਦਿਓ, ਦੇਰ ਨਾ ਕਰੋ।”
- ਪਰਿਵਾਰ ਜਾਂ ਦੋਸਤਾਂ ਤੋਂ ਗੱਲਬਾਤ ਨੂੰ ਗੁਪਤ ਰੱਖਣ ਲਈ ਜ਼ੋਰ ਪਾਵੇ।
- ਵਿਦੇਸ਼ ਵਿੱਚ ਪੈਸੇ ਭੇਜਣ ਜਾਂ ਕਿਸੇ ਹੋਰ ਦੇ ਬੈਂਕ ਖਾਤੇ ਵਿੱਚ ਪੈਸੇ ਭੇਜਣ ਲਈ ਕਿਹਾ ਜਾਵੇ।
- ਲਿੰਕਾਂ ‘ਤੇ ਕਲਿੱਕ ਕਰਨ ਜਾਂ ਈਮੇਲਾਂ ਵਿੱਚ ਅਟੈਚਮੈਂਟ ਖੋਲਹ੍ਣ ਲਈ ਜੋਰ ਪਾਇਆ ਜਾਵੇ।
- ਫ਼ੋਨ ਕਾਲਾਂ ਜੋ ਅਣਜਾਣ ਜਾਂ ਵਿਦੇਸ਼ੀ ਫ਼ੋਨ ਨੰਬਰਾਂ ਤੋਂ ਆਉਣ।



# Friends Against SCAMS

## ਘੁਟਾਲਿਆਂ ਬਾਰੇ ਗਾਈਡ



**ਘੁਟਾਲੇ ਪੂਰੇ ਯੂਕੇ ਵਿੱਚ ਲੱਖਾਂ ਲੋਕਾਂ ਦੀ ਜਿੰਦਗੀ ਨੂੰ ਪਰ੍ਭਾਵਿਤ ਕਰਦੇ ਹਨ। ਜਿਹੜੇ ਲੋਕ ਘੁਟਾਲੇ ਦਾ ਸ਼ਿਕਾਰ ਹੁੰਦੇ ਹਨ, ਉਹਨਾਂ ਨੂੰ ਨਤੀਜੇ ਵਜੋਂ ਅਕਸਰ ਸ਼ਰਮ ਅਤੇ ਸਮਾਜਿਕ ਅਲਗਾਵ ਦਾ ਸਾਹਮਣਾ ਕਰਨਾ ਪੈਂਦਾ ਹੈ।**

Friends Against Scams (ਘੁਟਾਲਿਆਂ ਵਿਰੁੱਧ ਦੋਸਤ ਬਣੋ) ਇੱਕ ਨੈਸ਼ਨਲ ਟਰੇਡਿੰਗ ਸਟੈਂਡਰਡਜ਼ (NTS) ਸਕੈਮ ਟੀਮ ਦੀ ਪਹਿਲਕਦਮੀ ਹੈ, ਜਿਸਦਾ ਮਕਸਦ ਘੁਟਾਲਿਆਂ ਤੋਂ ਸੁਰੱਖਿਆ ਕਰਨਾ ਹੈ ਅਤੇ ਲੋਕਾਂ ਨੂੰ ਘੁਟਾਲਿਆਂ ਦੇ ਵਿਰੁੱਧ ਖੜਾ ਹੋਣ ਦੀ ਤਾਕਤ ਪਰ੍ਦਾਨ ਕਰਕੇ ਲੋਕਾਂ ਨੂੰ ਘੁਟਾਲਿਆਂ ਦੇ ਸ਼ਿਕਾਰ ਹੋਣ ਤੋਂ ਬਚਾਉਣਾ ਹੈ।

NATIONAL TRADING STANDARDS
Scams Team

# ਵੱਖ-ਵੱਖ ਕਿਸਮ ਦੇ ਘੁਟਾਲੇ ਕਿਹੜੇ ਹੁੰਦੇ ਹਨ?

**ਡਾਕ ਰਾਹੀ ਘੁਟਾਲੇ**

ਡਾਕ ਘੁਟਾਲਿਆਂ ਦੀਆਂ ਆਮ ਕਿਸਮਾਂ ਵਿੱਚ ਜਾਅਲੀ ਲਾਟਰੀਆਂ ਅਤੇ ਇਨਾਮੀ ਡਰਾਅ, ਨਿਵੇਸ਼ਾਂ ਦੀਆਂ ਪੇਸ਼ਕਸ਼ਾਂ, ਵਿਰਾਸਤੀ ਜਾਇਦਾਦ, ਸਿਹਤ ਇਲਾਜ ਅਤੇ ਜੋਤਿਸ਼-ਵਿੱਦਿਆ ਸੰਬੰਧੀ ਪੱਤਰ ਸ਼ਾਮਲ ਹੁੰਦੇ ਹਨ।

**ਟੈਲੀਫ਼ੋਨ ਰਾਹੀ ਘੁਟਾਲੇ**

ਆਮ ਟੈਲੀਫ਼ੋਨ ਘੁਟਾਲਿਆਂ ਵਿੱਚ ਨਿਵੇਸ਼, ਪੈਨਸ਼ਨ, ਜਾਂ ਕੰਪਿਊਟਰ ਸਹਾਇਤਾ ਸੰਬੰਧੀ ਘੁਟਾਲੇ ਸ਼ਾਮਲ ਹੁੰਦੇ ਹਨ।

ਕਾਲ ਕਰਨ ਵਾਲਾ ਵਿਅਕਤੀ ਅਕਸਰ ਹੀ ਬਹੁਤ ਪੇਸ਼ੇਵਰ ਹੁੰਦਾ ਹੈ ਅਤੇ ਕਿਸੇ ਭਰੋਸੇਮੰਦ ਸੰਸਥਾ ਤੋਂ ਹੋਣ ਦਾ ਵਿਖਾਵਾ ਵੀ ਕਰ ਸਕਦਾ ਹੈ ਜਿਵੇਂ ਕਿ ਤੁਹਾਡੇ ਬੈਂਕ, ਪੁਲਿਸ ਜਾਂ ਕਿਸੇ ਹੋਰ ਕੰਪਨੀ ਤੋਂ ਜਿਸ ਨੂੰ ਤੁਸੀ ਜਾਣਦੇ ਹੁੰਦੇ ਹੋ। ਕਰਨ ਵਾਲੇ ਵਿਅਕਤੀ ਕੋਲ ਤੁਹਾਡੀਆਂ ਕੁਝ ਜਾਣਕਾਰੀਆਂ ਵੀ ਹੋ ਸਕਦੀਆਂ ਹਨ ਤਾਂ ਜੋ ਉਹਨਾਂ ਨੂੰ ਸੱਚਾ ਲੱਗ ਸਕੇ।

**ਘਰ ਪਹੁੰਚਕੇ ਘੁਟਾਲੇ**

ਅਪਰਾਧੀ ਅਜਿਹੀਆਂ ਚੀਜ਼ਾਂ ਜਾਂ ਸੇਵਾਵਾਂ ਵੇਚਣ ਵਾਲੇ ਜਾਇਜ਼ ਵਪਾਰੀ ਲੋਕਾਂ ਵਜੋਂ ਪੇਸ਼ ਆਉਂਦੇ ਹਨ ਜੋ ਨੁਕਸਦਾਇਕ, ਬੇਲੋੜੀਆਂ, ਜ਼ਿਆਦਾ ਕੀਮਤ ਵਾਲੀਆਂ, ਮਾੜੀ ਗੁਣਵੱਤਾ ਜਾਂ ਮੌਜੂਦ ਹੀ ਨਹੀ ਹੁੰਦੀਆਂ।

**ਇੰਟਰਨੈੱਟ ਰਾਹੀ ਘੁਟਾਲਾ**

ਧੋਖਾ ਦੇਣ ਲਈ ਤੁਹਾਡੇ ਨਿੱਜੀ ਵੇਰਵਿਆਂ ਨੂੰ ਦਿਖਾਉਂਦੀ ਕੋਈ ਈਮੇਲ ਤੁਹਾਡੇ ਬੈਂਕ ਜਾਂ ਹੋਰ ਕੰਪਨੀ ਦੇ ਭੇਸ ਵਿੱਚ ਆ ਸਕਦੀ ਹੈ।

ਤੁਹਾਨੂੰ ਇੱਕ ਲਿੰਕ 'ਤੇ ਕਲਿੱਕ ਕਰਨ ਲਈ ਕਿਹਾ ਜਾ ਸਕਦਾ ਹੈ ਜੋ ਤੁਹਾਨੂੰ ਇੱਕ ਜਾਅਲੀ ਵੈੱਬਸਾਈਟ 'ਤੇ ਲੈ ਜਾਂਦਾ ਹੈ ਜਿੱਥੇ ਤੁਹਾਨੂੰ ਆਪਣੇ ਵੇਰਵੇ ਦਰਜ ਕਰਨ ਲਈ ਉਕਸਾਇਆ ਜਾਵੇਗਾ।

# ਲੋਕ ਘੁਟਾਲਿਆਂ ਦਾ ਜਾਵਾਬ ਕਿਉ ਦਿੰਦੇ ਹਨ?

ਲੋਕਾਂ ਨੂੰ ਫਸਾਉਣ ਅਤੇ ਉਹਨਾਂ ਤੋਂ ਘੁਟਾਲਿਆਂ ਦਾ ਜਵਾਬ ਲੈਣ ਲਈ, ਕਈ ਵਾਰ ਅਪਰਾਧੀ ਲੋਕਾਂ ਦੀ ਇਕੱਲਤਾ, ਕਮਜ਼ੋਰੀ ਅਤੇ ਸਮਾਜਿਕ ਅਲਗਾਵ ਦਾ ਫਾਇਦਾ ਉਠਾਉਂਦੇ ਹਨ।

ਬਹੁਤ ਸਾਰੇ ਲੋਕ ਕਿਸੇ ਕਿਸਮ ਦੀ ਦਿਮਾਗੀ ਕਮਜ਼ੋਰੀ ਨਾਲ ਜੀ ਰਹੇ ਹੁੰਦੇ ਹਨ, ਜਿਵੇਂ ਕਿ ਡਿਮੈਂਸ਼ੀਆ, ਜਿਸ ਕਾਰਨ ਉਹ ਜਾਇਜ ਮੌਕੇ ਅਤੇ ਘੁਟਾਲਿਆਂ ਵਿਚਾਕਾਰ ਪਹਿਚਾਣ ਕਰਨ ਤੋਂ ਅਸਮਰੱਥ ਹੁੰਦੇ ਹਨ। ਕੁੱਝ ਲੋਕ ਇਕੱਲੇ ਜਾਂ ਸਮਾਜਿਕ ਅਲਿਹਦਗੀ ਵਿੱਚ ਹੋ ਸਕਦੇ ਹਨ, ਇਸ ਲਈ ਉਹਨਾਂ ਕੋਲ ਪੇਸ਼ਕਸ਼ ਸੱਚੀ ਹੈ ਜਾਂ ਨਹੀ ਬਾਰੇ ਦੂਜੀ ਰਾਏ ਦੇਣ ਲਈ ਕੋਈ ਦੂਜਾ ਨਹੀ ਹੁੰਦਾ।

ਇੱਕ ਵਾਰ ਜਦੋਂ ਕੋਈ ਘੁਟਾਲੇ ਦਾ ਜਵਾਬ ਦੇ ਦਿੰਦਾ ਹੈ, ਤਾਂ ਉਹਨਾਂ ਦੇ ਨਿੱਜੀ ਵੇਰਵਿਆਂ ਨੂੰ ਅੱਗੇ ਤੋਂ ਅੱਗੇ ਸਾਂਝਾ ਕੀਤਾ ਜਾਂਦਾ ਹੈ ਅਤੇ ਦੂਜੇ ਅਪਰਾਧੀਆਂ ਨੂੰ ਵੇਚਿਆ ਜਾਂਦਾ ਹੈ, ਜੋ ਇਸ ਜਾਣਕਾਰੀ ਦੀ ਵਰਤੋਂ ਘਿਨੌਣੇ ਤਰੀਕੇ ਨਾਲ ਉਹਨਾਂ ਨੂੰ ਸ਼ਿਕਾਰ ਬਣਾਉਣ ਲਈ ਘੁਟਾਲੇ ਵਾਲੀ ਮੇਲ ਭੇਜਕੇ, ਵਾਰ-ਵਾਰ ਫ਼ੋਨ ਕਾਲਾਂ ਕਰਕੇ, ਜਾਂ ਘਰ ਪਹੁੰਚ ਕਰਕੇ ਵਿਅਕਤੀ ਦੀ ਜੀਵਨ ਬੱਚਤ ਲੁੱਟਣ ਵਾਸਤੇ ਧੋਖਾ ਦੇਣ ਲਈ, ਗੁੰਮਰਾਹ ਕਰਨ ਲਈ, ਡਰਾਉਣ ਅਤੇ ਧੱਕੇਸ਼ਾਹੀ ਕਰਨ ਲਈ ਲਗਾਤਾਰ ਕਰਦੇ ਹਨ।



# ਆਪਣੀ ਅਤੇ ਹੋਰਾਂ ਦੀ ਸੁਰੱਖਿਆ ਕਿਵੇਂ ਕਰਨੀ ਹੈ

- ਅਣਚਾਹੀ, ਬਿਨਾਂ ਬੁਲਾਈ ਕਾਲ ਨੂੰ 'ਨਾ' ਕਹੋ।
- ਜੇ ਕੋਈ ਪੇਸ਼ਕਸ਼ ਬਹੁਤ ਸੱਚੀ ਵੀ ਜਾਪਦੀ ਹੈ, ਸ਼ਾਇਦ ਹੋਵੇ ਵੀ।
- ਦਬਾਅ ਵਿੱਚ ਫੈਸਲਾ ਨਾ ਕਰੋ, ਆਪਣਾ ਸਮਾਂ ਲਓ ਅਤੇ ਸਲਾਹ ਲਓ।
- ਡਾਕ ਘੁਟਾਲਿਆਂ ਲਈ ਬੁੱਧੀਮਾਨ ਬਣੋ, ਕੋਈ ਵੀ ਸੱਚੀ ਕੰਪਨੀ ਇਨਾਮ ਦਾ ਦਾਅਵਾ ਕਰਨ ਲਈ ਪੈਸੇ ਨਹੀ ਮੰਗੇਗੀ।
- ਆਪਣੇ ਨਿੱਜੀ ਵੇਰਵਿਆਂ ਨੂੰ ਸੁਰੱਖਿਅਤ ਰੱਖੋ, ਹਮੇਸ਼ਾ ਇਹ ਯਕੀਨੀ ਬਣਾਓ ਕਿ ਜਿਸ ਵਿਅਕਤੀ ਨਾਲ ਤੁਸੀ ਗੱਲ ਕਰ ਰਹੇ ਹੋ ਉਹ ਸੱਚਾ ਹੋਵੇ ਅਤੇ ਇੱਕ ਜਾਇਜ਼ ਕੰਪਨੀ ਤੋਂ ਹੋਵੇ।
- ਆਨਲਾਈਨ ਲਈ ਸਮਝਦਾਰੀ ਦਿਖਾਓ, ਅਪਰਾਧੀ ਅਸਲ ਕੰਪਨੀਆਂ ਦੀ ਨਕਲ ਕਰ ਸਕਦੇ ਹਨ, ਜੇ ਤੁਸੀ ਯਕੀਨੀ ਨਹੀ ਹੋ, ਤਾਂ ਈਮੇਲਾਂ ਵਿਚਲੇ ਲਿੰਕ ਜਾਂ ਅਟੈਚਮੈਂਟ ਨਾ ਖੋਲਹੋ।
- ਜੇ ਤੁਸੀ ਸ਼ੱਕੀ ਹੋ ਤਾਂ ਕਿਸੇ ਭਰੋਸੇਯੋਗ ਵਿਅਕਤੀ ਨਾਲ ਗੱਲ ਕਰੋ।
- ਕੋਈ ਵੀ ਵਿਅਕਤੀ ਘੁਟਾਲੇ ਦਾ ਸ਼ਿਕਾਰ ਹੋ ਸਕਦਾ ਹੈ। ਜੇ ਤੁਸੀ ਕਿਸੇ ਘੁਟਾਲੇ ਦੀ ਪਛਾਣ ਕਰਦੇ ਹੋ, ਤਾਂ ਹਮੇਸ਼ਾ ਇਸਦੀ ਰਿਪੋਰਟ ਕਰੋ।

# ਹੋਰ ਜਾਣਕਾਰੀ ਲਈ

**www.FriendsAgainstScams.org.uk** 'ਤੇ ਜਾਓ

**ਇੰਗਲੈਂਡ ਅਤੇ ਵੇਲਜ਼**

**ਰਿਪੋਰਟ ਕਰੋ: ਧੋਖਾ ਹੋਣ 'ਤੇ ਕਾਰਵਾਈ ਲਈ ਸੰਪਰਕ ਨੰ. 0300 123 2040**
**ਸਲਾਹ: ਨਾਗਰਿਕਾਂ ਲਈ ਸਲਾਹ ਲਈ ਨੰ. 0808 223 1133**

**ਸਕੌਟਲੈਂਡ**

**ਰਿਪੋਰਟ ਕਰੋ: ਸਕੌਟਲੈਂਡ ਪੁਲਸ ਕਾਲ ਨੰ. 101**
**ਸਲਾਹ: ਸਿੱਧੀ ਸਲਾਹ ਲਈ ਨੰ. 0808 164 6000**

**ਉੱਤਰੀ ਆਈਰਲੈਂਡ**

**ਰਿਪੋਰਟ ਕਰੋ: ਧੋਖਾ ਹੋਣ 'ਤੇ ਕਾਰਵਾਈ ਲਈ ਸੰਪਰਕ ਨੰ. 0300 123 2040**
**ਸਲਾਹ: ਕਸਟਮਰਲਾਈਨ ਲਈ ਸੰਪਰਕ ਨੰ. 0300 123 6262**

Friends Against SCAMS

NATIONAL TRADING STANDARDS
Scams Team